**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ/ਆਈ.ਟੀ/2016/ 2052 ਮਿਤੀ: 24.6.16

ਸੇਵਾ ਵਿਖੇ,

ਪ੍ਰਿੰਸੀਪਲ/ਮੁੱਖੀ,
ਸਮੂਹ ਪ੍ਰੀਖਿਆ ਕੇਂਦਰ (ਜੁਲਾਈ 2016 ਸੀ.ਟੀ.ਐਸ ਪ੍ਰੀਖਿਆ)

ਵਿਸ਼ਾ: ਜੁਲਾਈ 2016 ਸੀ.ਟੀ.ਐਸ ਪ੍ਰੀਖਿਆ ਕੇਂਦਰਾਂ ਦੇ ਈ-ਮੇਲ ਐਡਰੈਸ ਸਬੰਧੀ ਸੂਚਨਾ ਭੇਜਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਦਰਸਾਇਆ ਜਾਂਦਾ ਹੈ ਕਿ ਜੁਲਾਈ, 2016 ਵਿੱਚ ਸ਼ੁਰੂ ਹੋ ਰਹੀ ਸੀ.ਟੀ.ਐਸ (NCVT/SCVT) ਪ੍ਰੀਖਿਆ ਕੰਡਕਟ ਕਰਵਾਉਣ ਲਈ ਬੋਰਡ ਦਫਤਰ ਦੁਆਰਾ 164 ਪ੍ਰੀਖਿਆ ਕੇਂਦਰ ਪ੍ਰਵਾਨ ਕੀਤੇ ਗਏ ਹਨ। ਇਸ ਪ੍ਰੀਖਿਆ ਦੌਰਾਨ ਪ੍ਰਸ਼ਨ ਪੱਤਰ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਆਪ ਜੀ ਵੱਲੋਂ ਮੁਹੱਈਆ ਕਰਵਾਏ ਗਏ ਬੈਂਕ ਐਡਰੈਸ ਤੇ ਭੇਜੇ ਜਾਣੇ ਹਨ ਅਤੇ ਇਹਨਾਂ ਨੂੰ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਸਬੰਧਤ ਬੈਂਕਾਂ ਤੋਂ Collect ਕਰਕੇ ਸਮੇਂ ਸਿਰ ਪ੍ਰੀਖਿਆ ਸ਼ੁਰੂ ਕਰਵਾਉਣਾ ਆਪ ਜੀ ਵੱਲੋਂ ਹਰ ਹਾਲਤ ਵਿੱਚ ਯਕੀਨੀ ਬਣਾਇਆ ਜਾਣਾ ਹੈ। ਇਸ ਤੋਂ ਇਲਾਵਾ ਪ੍ਰੀਖਿਆ ਸਬੰਧੀ ਜਰੂਰੀ ਹਦਾਇਤਾਂ/ਸੂਚਨਾ ਸਮੇਂ ਸਮੇਂ ਤੇ ਪ੍ਰੀਖਿਆ ਕੇਂਦਰਾਂ ਨੂੰ ਈ-ਮੇਲ ਰਾਹੀਂ ਭੇਜੀ ਜਾਣੀ ਹੈ ਅਤੇ ਜੇਕਰ ਕਿਸੇ ਪ੍ਰੀਖਿਆ ਕੇਂਦਰ ਦੇ ਬੈਂਕ ਵਿੱਚ ਪ੍ਰਸ਼ਨ ਪੱਤਰ ਘੱਟ ਪ੍ਰਾਪਤ ਹੁੰਦੇ ਹਨ ਜਾਂ ਨਹੀਂ ਪ੍ਰਾਪਤ ਹੁੰਦੇ ਤਾਂ ਉਸ ਸੂਰਤ ਵਿੱਚ ਹੀ ਪ੍ਰਸ਼ਨ ਪੱਤਰ ਈ-ਮੇਲ/ਡਰਾਪ ਬਾਕਸ ਰਾਹੀਂ ਪ੍ਰੀਖਿਆ ਕੇਂਦਰ ਨੂੰ ਭੇਜੇ ਜਾਣੇ ਹਨ। ਇਸ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਆਈ.ਟੀ.ਆਈ ਸ਼ਾਖਾ ਵੱਲੋਂ ਮਿਤੀ 24/6/2016 ਨੂੰ ਸਮੂਹ ਪ੍ਰੀਖਿਆ ਕੇਂਦਰਾਂ ਦੇ ਈ-ਮੇਲ ਐਡਰੈਸਾਂ ਉੱਤੇ ਟੈਸਟ ਮੇਲ ਹੇਠ ਦਰਸਾਏ ਅਨੁਸਾਰ ਭੇਜੀ ਗਈ ਹੈ:

"This is a test mail for exam centres of July 2016 CTS Examination."

ਇਸ ਪੱਤਰ ਰਾਹੀਂ ਸਮੂਹ ਪ੍ਰੀਖਿਆ ਕੇਂਦਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀ ਪ੍ਰੀਖਿਆ ਕੇਂਦਰਾਂ ਦੇ ਈ-ਮੇਲ ਐਡਰੈਸ ਤੇ ਉਪਰੋਕਤ ਦਰਸਾਈ ਟੈਸਟ ਮੇਲ ਦੀ ਪਹੁੰਚ/ਪ੍ਰਾਪਤੀ ਤੁਰੰਤ ਚੈਕ ਕਰ ਲੈਣ। ਜੇਕਰ ਉਪਰੋਕਤ ਦਰਸਾਈ ਟੈਸਟ ਮੇਲ ਆਪ ਜੀ ਦੇ ਈ-ਮੇਲ ਐਡਰੈਸ ਤੇ ਪ੍ਰਾਪਤ ਨਹੀਂ ਹੋਈ ਹੈ ਤਾਂ ਉਸ ਸੂਰਤ ਵਿੱਚ ਬੋਰਡ ਦਫਤਰ ਦੇ ਈ-ਮੇਲ ਐਡਰੈਸ **contitipb@gmail.com** ਤੇ ਸਹੀ ਈ-ਮੇਲ ਐਡਰੈਸ ਬਾਰੇ ਤੁਰੰਤ ਸੂਚਨਾ ਭੇਜਣੀ ਯਕੀਨੀ ਬਣਾਉਣ। ਇਸ ਤੋਂ ਇਲਾਵਾ ਸਹੀ ਈ-ਮੇਲ ਐਡਰੈਸ ਦੀ ਸੂਚਨਾ ਭੇਜਣ ਉਪਰੰਤ ਇਸ ਦੀ ਹਾਰਡ ਕਾਪੀ ਵੀ ਬੋਰਡ ਦਫਤਰ ਨੂੰ ਡਾਕ ਰਾਹੀਂ ਜ਼ਰੂਰ ਭੇਜੀ ਜਾਵੇ। ਉਪਰੋਕਤ ਪ੍ਰੀਖਿਆ ਨੂੰ ਸੁਚਾਰੂ ਅਤੇ ਸੁਚੱਜੇ ਢੰਗ ਨਾਲ ਚਲਾਉਣ ਲਈ ਉਪਰੋਕਤ ਦਰਸਾਏ ਈ-ਮੇਲ ਐਡਰੈਸ ਤੇ ਹਰ ਪ੍ਰੀਖਿਆ ਕੇਂਦਰ ਰਾਹੀਂ ਪ੍ਰਿੰਸੀਪਲ/ਮੁੱਖੀ ਦਾ ਲੇਟੇਸਟ ਮੋਬਾਇਲ ਨੰ. ਅਤੇ ਦੂਜਾ ਐਮਰਜੈਂਸੀ ਮੋਬਾਇਲ ਨੰ. ਸਬੰਧੀ ਸੂਚਨਾ ਵੀ ਜਰੂਰ ਭੇਜੀ ਜਾਵੇ। ਮੰਗੀ ਸੂਚਨਾ ਤੁਰੰਤ ਮੁਹੱਈਆ ਨਾ ਕਰਵਾਉਣ ਦੀ ਸੂਰਤ ਵਿੱਚ ਸਮੁੱਚੀ ਜਿੰਮੇਵਾਰੀ ਪ੍ਰੀਖਿਆ ਕੇਂਦਰ ਦੇ ਪ੍ਰਿੰਸੀਪਲ/ਮੁੱਖੀ ਦੀ ਹੀ ਠਹਰਾਈ ਜਾਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

ਨੋਟ: ਟੈਸਟ ਮੇਲ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਮੰਗੀ ਸੂਚਨਾ ਕੇਵਲ ਈ-ਮੇਲ ਐਡਰੈਸ **contitipb@gmail.com** ਤੇ ਹੀ ਭੇਜੀ ਜਾਵੇ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਸੀਸਟਮ ਐਡਮੀਨਿਸਟਰੇਟਰ
3. ਐਡਮਨ ਅਫਸਰ

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ